ਵਰਿੰਦਰ ਕੁਮਾਰ ਸ਼ਰਮਾ,
ਆਈ.ਏ.ਐਸ.

ਡਿਪਟੀ ਕਮਿਸ਼ਨਰ,
ਮਾਨਸਾ - 151505
ਫੋਨ: 01652-227700 (O)
01652-229800 (O)
01652-232900 (R)

ਫੈਕਸ: 01652-229247 (O)
01652-232713 (R)

ਵੈਬਸਾਈਟ : http://mansa.gov.in
ਈ-ਮੇਲ : dc.man@punjabmail.gov.in

ਅ.ਸ.ਪੱ. ਨੰ: 8954/ਸਾ.ਸ਼ੀ.ਦ
ਮਿਤੀ: 26-09-2016

ਵਿਸ਼ਾ M/s Gannon Dunkerley& Co.Ltd. JV with M/s Krishna Pvt. Ltd. New Delhi. ਨੂੰ ਮਾਨਸਾ ਜ਼ਿਲ੍ਹੇ ਵਿੱਚ ਅਲਾਟ ਕੀਤੇ ਗਏ ਕੰਮਾਂ ਦੀ ਧੀਮੀ ਗਤੀ ਬਾਰੇ।

ਸਤਿਕਾਰਯੋਗ ਜੀ,

ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਂਦਾ ਹੋਇਆ ਬੇਨਤੀ ਕਰਦਾ ਹਾਂ ਕਿ ਜਿਲ੍ਹਾ ਮਾਨਸਾ ਦੇ 6 ਸ਼ਹਿਰਾਂ ਮਾਨਸਾ, ਬੁਢਲਾਡਾ, ਬਰੇਟਾ, ਸਰਦੂਲਗੜ੍ਹ, ਭੀਖੀ ਅਤੇ ਬੋਹਾ ਦੇ ਜਲ ਸਪਲਾਈ ਅਤੇ ਸੀਵਰੇਜ ਦੇ ਕੰਮ M/s Gannon Dunkerley& Co.Ltd. JVwith M/s Krishna Pvt. Ltd. New Delhi. ਨੂੰ ਅਲਾਟ ਕੀਤੇ ਗਏ ਹਨ। ਪਰੰਤੂ ਇਸ ਕੰਪਨੀ ਵੱਲੋਂ ਅਲਾਟ ਕੀਤੇ ਗਏ ਕੰਮ ਨੂੰ ਬਹੁਤ ਹੀ ਧੀਮੀ ਗਤੀ ਨਾਲ ਕੀਤਾ ਜਾ ਰਿਹਾ ਹੈ ਅਤੇ ਹੁਣ ਤੱਕ ਦੀ ਪ੍ਰੋਗਰੈੱਸ ਸਿਰਫ਼ 6-10 % ਦੇ ਲੱਗਭੱਗ ਹੈ । ਮਾਨਯੋਗ ਸ੍ਰੀਮਤੀ ਹਰਸਿਮਰਤ ਕੌਰ ਬਾਦਲ, ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ, ਭਾਰਤ ਸਰਕਾਰ ਜੀ ਵੱਲੋਂ ਮਿਤੀ 17,18/9/2016 ਨੂੰ ਬੁਢਲਾਡਾ ਅਤੇ ਬਰੇਟਾ ਸ਼ਹਿਰਾਂ ਦੇ ਦੌਰੇ ਸਮੇਂ ਆਮ ਪਬਲਿਕ ਵੱਲੋਂ ਜਲ ਸਪਲਾਈ ਅਤੇ ਸੀਵਰੇਜ ਦੀ ਸਮੱਸਿਆ ਸਬੰਧੀ ਉਨ੍ਹਾਂ ਨੂੰ ਜਾਣੂ ਕਰਵਾਇਆ ਗਿਆ ਹੈ ਅਤੇ ਮਾਨਯੋਗ ਮੰਤਰੀ ਜੀ ਵੱਲੋਂ ਇਸ ਕੰਪਨੀ ਦੇ ਧੀਮੀ ਗਤੀ ਦੇ ਕੰਮ ਸਬੰਧੀ ਨਰਾਜ਼ਗੀ ਜ਼ਾਹਰ ਕੀਤੀ ਗਈ ਹੈ ਅਤੇ ਉਨ੍ਹਾਂ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਇਹ ਕੰਮ ਸ਼ੀਘਰ ਮੁਕੰਮਲ ਕੀਤੇ ਜਾਣ। ਕਾਰਜਕਾਰੀ ਇੰਜੀਨੀਅਰ, ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ, ਮਾਨਸਾ ਵੱਲੋਂ ਪੱਤਰ ਨੰ: 2243 ਮਿਤੀ 10-9-2016 ਨੂੰ ਸਬੰਧਤ ਕੰਪਨੀ ਨੂੰ ਕੰਮ ਤੇਜ਼ ਗਤੀ ਨਾਲ ਕਰਨ ਸਬੰਧੀ ਹਦਾਇਤ ਵੀ ਕੀਤੀ ਗਈ ਹੈ।

ਮੈਂ ਧੰਨਵਾਦੀ ਹੋਵਾਂਗਾ, ਜੇਕਰ ਆਪ M/s Gannon Dunkerley& Co.Ltd. JVwith M/s Krishna Pvt. Ltd. New Delhi ਨੂੰ ਮਾਨਸਾ ਜ਼ਿਲ੍ਹੇ ਦੇ ਸ਼ਹਿਰਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਮੁਕੰਮਲ ਕਰਨ ਸਬੰਧੀ ਹਦਾਇਤ ਕਰਨ ਦੀ ਖੇਚਲਾ ਕਰੋਂਗੇ ਜੀ ਤਾਂ ਜੋ ਇਸ ਪਛੜੇ ਇਲਾਕੇ ਦੇ ਲੋਕਾਂ ਨੂੰ ਪਾਣੀ ਅਤੇ ਸੀਵਰੇਜ਼ ਦੀ ਸਮੱਸਿਆ ਤੋਂ ਨਿਜ਼ਾਤ ਮਿਲ ਸਕੇ ਜੀ।

ਤੁਹਾਡਾ ਆਦਰ ਸਹਿਤ,

ਹਿੱਤੂ.

(ਵਰਿੰਦਰ ਕੁਮਾਰ ਸ਼ਰਮਾ)

ਸ੍ਰੀ ਡੀ.ਕੇ.ਤਿਵਾੜੀ, ਆਈ.ਏ.ਐਸ,
ਮੁੱਖ ਕਾਰਜਕਾਰੀ ਅਫ਼ਸਰ,
ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ,
ਚੰਡੀਗੜ੍ਹ।

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਪਵਸਸਬ-2016/ਵ/ 24565-66 ਮਿਤੀ: 20/10/16

ਉਪਰੋਕਤ ਦੀ ਨਕਲ ਹੇਠ ਲਿਖਿਆ ਨੂੰ :-

1. ਮੁੱਖ ਇੰਜੀਨੀਅਰ(ਦੱਖਣ) ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਬਠਿੰਡਾ
2. ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ, ਬਠਿੰਡਾ

ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਕਾਰਵਾਈ ਕਰਦੇ ਹੋਏ ਰਿਪਰੋਟ ਇਸ ਦਫਤਰ ਨੂੰ ਭੇਜੀ ਜਾਵੇ !

ਕਾਰਜਕਾਰੀ ਇੰਜੀਨੀਅਰ (ਕੰਮ)